


**ISSN Print:** 2394-7500
**ISSN Online:** 2394-5869
**Impact Factor:** 5.2
IJAR 2016; 2(4): 746-748
www.allresearchjournal.com
Received: 05-02-2016
Accepted: 09-03-2016

**Dr. Rachhpal Singh Uppal**
Guru Nanak Khalsa College,
Abohar, Punjab, India

**Correspondence**
**Dr. Rachhpal Singh Uppal**
Guru Nanak Khalsa College,
Abohar, Punjab, India

# ਵਾਰਿਸ ਸ਼ਾਹ ਦੀ ਕਿੱਸਾਕਾਰੀ : ਇੱਕ ਅਧਿਐਨ

**Dr. Rachhpal Singh Uppal**

## Introduction

ਵਾਰਿਸ ਸ਼ਾਹ ਕਿੱਸਾ ਕਾਵਿ ਪਰੰਪਰਾ ਵਿੱਚ ਸ਼੍ਰੋਮਣੀ ਸਥਾਨ ਰੱਖਦਾ ਹੈ। ਵੈਸੇ ਤਾਂ ਹੀਰ ਰਾਂਝੇ ਦਾ ਕਿੱਸਾ ਲਿਖਣ ਦੀ ਪਹਿਲ ਤਾਂ ਮੱਧਕਾਲੀ ਕਿੱਸਾ ਕਵੀ ਦਮੋਦਰ ਨੇ ਕੀਤੀ। ਹੀਰ-ਰਾਂਝੇ ਦਾ ਕਿੱਸਾ ਦਮੋਦਰ ਤੋਂ ਬਾਅਦ ਅਹਿਮਦ ਗੁਜਰ, ਮੁਕਬਲ, ਵਾਰਿਸ ਸ਼ਾਹ, ਅਹਿਮਦਯਾਰ, ਭਗਵਾਨ ਸਿੰਘ, ਕ੍ਰਿਸ਼ਨ ਸਿੰਘ ਆਰਿਫ਼, ਸੂਬਾ ਸਿੰਘ ਆਦਿ ਕਿੱਸਾ ਕਵੀਆਂ ਨੇ ਲਿਖਿਆ ਜੇ ਅਸੀ ਹੀਰ-ਰਾਂਝੇ ਦੇ ਕਿੱਸੇ ਵਿੱਚ ਸਰਵ-ਉਚਤਾ ਦੀ ਗੱਲ ਕਰੀਏ ਤਾਂ ਅੱਖਾਂ ਸਾਹਮਣੇ ਸਭ ਤੋਂ ਪਹਿਲਾਂ ਵਾਰਿਸ ਸ਼ਾਹ ਦੀ ਝਲਕ ਪੈਂਦੀ ਹੈ।
ਪੰਜਾਬੀ ਦੇ ਸ਼੍ਰੋਮਣੀ ਕਿੱਸਾਕਾਰ ਸੱਯਦ ਵਾਰਿਸ ਸ਼ਾਹ ਦੇ ਜਨਮ ਅਤੇ ਦਿਹਾਂਤ ਬਾਰੇ ਕੋਈ ਪ੍ਰਮਾਣਿਕ ਤੱਥ ਪ੍ਰਾਪਤ ਨਹੀਂ ਹਨ ਪਰ ਫਿਰ ਵੀ ਇਤਿਹਾਸਕਾਰ ਇਸ ਦਾ ਜਨਮ 1725 ਈ. ਅਤੇ ਮੌਤ 1795 ਈ. ਦਸਦੇ ਹਨ। ਇਸਦੇ ਪਿਤਾ ਦਾ ਨਾਮ ਕੁਤਬਸ਼ਾਹ ਸੀ ਜੋ ਜੰਡਿਆਲਾ ਪਿੰਡ (ਜ਼ਿਲਾ ਸ਼ੇਖਪੁਰਾ) ਦਾ ਵਸਨੀਕ ਸੀ ਤੇ ਇਸ ਦੇ ਉਸਤਾਦ ਦਾ ਨਾਂ ਮਖਦੂਮ ਕਸੂਰੀ ਸੀ-"ਵਾਰਿਸ ਸ਼ਾਹ ਵਸਨੀਕ ਜੰਡਿਆਲੜੇ ਦਾ ਤੇ ਸ਼ਗਿਰਦ ਮਖ਼ੂਦਮ ਕਸੂਰੀ ਦਾ ਈ"। ਕਹਿੰਦੇ ਹਨ ਕਿ ਕਵੀ ਦੇ ਪਿਤਾ ਦਾ ਦਿਹਾਂਤ ਉਸਦੇ ਬਚਪਨ ਵਿਚ ਹੀ ਹੋ ਗਿਆ ਸੀ ਤੇ ਜਿਸ ਲਈ ਉਹ ਮਾਪਿਆਂ ਦੇ ਪਿਆਰ ਤੋਂ ਵਾਂਝਾ ਹੋ ਗਿਆ। ਸੱਯਦ ਕੁਲ ਨਾਲ ਸਬੰਧਿਤ ਹੋਣ ਕਰਕੇ ਅਧਿਆਤਮਿਕ ਰੁਚੀਆਂ ਦਾ ਧਾਰਨੀ ਹੋਣ ਤੇ ਉਹ ਜਵਾਨੀ ਦੀ ਅਵਸਥਾ ਵਿਚ ਹੀ ਘਰ ਬਾਹਰ ਦਾ ਤਿਆਗ ਕਰਕੇ ਕਸੂਰ ਸੂਫੀਆਂ ਦੇ ਡੇਰੇ ਆ ਗਿਆ "ਹੱਥ ਪਕੜ ਜੁੱਤੀ ਮੋਢੇ ਮਾਰ ਬੁੱਕਲ ਰਾਂਝਾ ਹੋ ਤੁਰਿਆ ਵਾਰਿਸ ਸ਼ਾਹ ਜਿਹਾ।" ਆਪਣੇ ਉਸਤਾਦ ਨਾਲ ਪ੍ਰੇਮ ਅਤੇ ਦੂਸਰੇ ਮੁਰੀਦਾਂ ਦੀ ਈਰਖਾ ਕਾਰਣ ਆਪ ਨੇ ਪਾਕਪਟਨ ਜਾ ਡੇਰਾ ਲਾਇਆ। ਪਾਕਪਟਨ ਤੋਂ ਉਠ ਕੇ ਕਵੀ ਠੱਠਾ ਜਾਹਿਦ ਚਲਾ ਗਿਆ ਜਿਥੇ ਉਸਦਾ ਭਾਗਪਰੀ ਨਾਂ ਦੀ ਜੱਟੀ ਨਾਲ ਇਸ਼ਕ ਹੋ ਗਿਆ। ਲੋਕ ਲਾਜ ਦਾ ਮਾਰਿਆ ਕਵੀ ਉਥੋਂ ਪਾਕਪਟਨ ਦੇ ਨੇੜਲੇ ਪਿੰਡ ਮਲਕਾ ਹਾਂਸ ਚਲਾ ਗਿਆ। ਰੁਲਕਾ
ਹਾਂਸ ਪਹੁੰਚ ਕੇ ਵਿਯੋਗ ਦੇ ਸੱਲ ਨੇ ਫਿਰ ਪੀੜ ਜਗਾ ਦਿੱਤੀ ਜਿਸਨੇ ਕਵੀ ਹਿਰਦੇ ਤੋਂ ਹੀਰ ਰਾਂਝੇ ਦਾ ਕਿੱਸਾ ਲਿਖਾ ਦਿੱਤਾ। ਕਵੀ ਆਪ ਲਿਖਦਾ ਹੈ:-

> ਤਦੋਂ ਸ਼ੌਂਕ ਹੋਇਆ ਕਿੱਸਾ ਜੋੜਨੇ ਦਾ,
> ਜਦੋਂ ਇਸ਼ਕ ਦੀ ਗੱਲ ਇਜ਼ਹਾਰ ਹੋਈ।"

ਇਸ ਤਰ੍ਹਾਂ ਵਾਰਿਸਸ਼ਾਹ ਨੇ ਆਪਣੀ ਹੱਡ ਬੀਤੀ ਨੂੰ ਹੀ ਹੀਰ ਰਾਂਝੇ ਦੀ ਕਹਾਣੀ ਰਾਹੀਂ ਰੂਪਮਾਨ ਕੀਤਾ ਹੈ। ਹੀਰ ਰਾਂਝੇ ਤੋਂ ਇਲਾਵਾ ਕਈ ਹੋਰ ਰਚਨਾਵਾਂ ਜਿਵੇਂ ਮਿਆਰਾਜਨਾਮਾ, ਚੂਹੇਟੜੀਨਾਮਾ, ਦੋਹੜੇ, ਅਬਯਾਤ, ਸੱਸੀ ਆਦਿ ਵੀ ਵਾਰਿਸ ਦੇ ਨਾਂ ਨਾਲ ਜੋੜੀਆਂ ਜਾਂਦੀਆਂ ਹਨ। ਵਾਰਿਸ ਦੇ 'ਹੀਰ ਰਾਂਝਾ' ਕਿੱਸਾ ਲਿਖਣ ਦਾ ਆਧਾਰ ਜੇ ਉਸ ਦੀ ਪ੍ਰੇਮ ਕਹਾਣੀ ਹੈ ਤਾਂ ਇਕ ਕਾਰਨ ਉਹ ਆਪਣੇ ਯਾਰਾਂ ਮਿੱਤਰਾਂ ਦੀ ਫਰਮਾਇਸ਼ ਵੀ ਦੱਸਦਾ ਹੈ, ਜਿਵੇਂ ਉਹ ਕਹਿੰਦਾ ਹੈ:-

> ਯਾਰਾਂ ਅਸਾਂ ਨੂੰ ਆਣ ਸਵਾਲ ਕੀਤਾ
> ਕਿੱਸਾ ਹੀਰ ਦਾ ਨਵਾਂ ਬਣਾਈਏ ਜੀ।

ਵਾਰਿਸ ਨੇ ਆਪਣੇ ਕਿੱਸੇ ਦਾ ਕੇਂਦਰੀ ਧੁਰਾ ਇਸ਼ਕ ਬਿਆਨ ਕੀਤਾ ਹੈ ਜਿਸਨੂੰ ਭੌਤਿਕ ਅਤੇ ਅਧਿਆਤਮਿਕ ਰੂਪ ਵਿਚ ਹਰ ਕੌਮ ਅਤੇ ਦੇਸ਼ ਨੇ ਪ੍ਰਵਾਨ ਕੀਤਾ ਹੈ। ਇਸ ਇਸ਼ਕ ਦਾ ਰਸਤਾ ਇਸ਼ਕ ਮਜਾਜੀ ਤੋਂ ਇਸ਼ਕ ਹਕੀਕੀ ਨੂੰ ਧਾਰਨ ਕਰਦਾ ਹੈ ਜੋ ਦੁਨਿਆਵੀ ਜਾਂ ਲੌਕਿਕ ਸੀਮਾਵਾਂ ਤੋਂ ਉੱਚਾ ਉੱਠ ਜਾਂਦਾ ਹੈ। ਵਾਰਿਸ ਆਪਣੇ ਕਿੱਸੇ ਵਿਚ ਇਸ਼ਕ ਨੂੰ ਜੱਗ ਦਾ ਮੂਲ ਮੰਨਦਾ ਹੋਇਆ ਕਿੱਸੇ ਦਾ ਆਰੰਭ ਮੰਗਲਾਚਰਨ ਤੋਂ ਕਰਦਾ ਹੈ। ਉਸ ਨੇ ਕਿੱਸੇ ਦੇ ਆਰੰਭ ਵਿੱਚ ਰੱਬ ਦੀ ਮਹਿਮਾ ਦਾ ਵਰਣਨ ਕੀਤਾ ਹੈ। ਨਬੀ ਰਸੂਲ ਦੀ ਉਸਤਤ, ਪੀਰਾਂ ਫ਼ਕੀਰਾਂ ਦੀ ਰਹਿਮਤ ਦਾ ਗੁਣਗਾਨ ਕਰਦਾ ਹੋਇਆ ਉਹ ਕਿੱਸੇ ਦਾ ਆਰੰਭ ਇਸ ਤਰ੍ਹਾਂ ਕਰਦਾ ਹੈ : -

ਅੱਵਲ ਹਮਦ ਖੁਦਾਇ ਦਾ ਵਿਰਦ ਕੀਜੈ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ
ਪਹਿਲਾਂ ਆਪ ਹੀ ਰੱਬ ਨੇ ਇਸ਼ਕ ਕੀਤਾ ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ।
ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ, ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।
ਖਿਲੇ ਤਿਨਾਂ ਦੇ ਬਾਗ ਕਲੂਬ ਅੰਦਰ, ਜਿਨ੍ਹਾ ਕੀਤਾ ਹੈ ਇਸ਼ਕ ਕਬੂਲ ਮੀਆਂ।

ਵਾਰਿਸ ਖੁੱਲ੍ਹਾ-ਡੁੱਲ੍ਹਾ ਸੂਫ਼ੀ ਕਵੀ ਹੈ ਜੋ ਇਸ਼ਕ ਮਜਾਜੀ ਦੀ ਬਾਤ ਪਾਉਂਦਾ ਹੋਇਆ ਉਸਨੂੰ ਇਸ਼ਕ ਹਕੀਕੀ ਦੀ ਅਵਸਥਾ ਤੱਕ ਲੈ ਪੁੱਜਦਾ ਹੈ। ਉਹ ਅਜਿਹਾ ਸ਼ਇਰ ਹੈ ਜੋ ਭੇਖੀ ਨਾ ਹੋ ਕੇ ਵਾਸਤਵਿਕਤਾ ਨੂੰ ਹੰਢਾਉਂਦਾ ਹੈ ਜਿਸਦੀ ਪ੍ਰਮਾਣਿਕਤਾ ਰਾਂਝੇ ਅਤੇ ਸਹਿਤੀ ਦੀ ਆਪਸੀ ਵਾਰਤਾਲਾਪ ਤੋਂ ਮਿਲਦੀ ਹੈ:-

ਰੰਨ ਵੇਖਣੀ ਐਬ ਹੈ ਅੰਨ੍ਹਿਆਂ ਨੂੰ ਰੱਬ ਅੱਖੀਆਂ ਦਿੱਤੀਆਂ ਵੇਖਣੇ ਨੂੰ
ਸਭ ਖਲਕ ਦਾ ਵੇਖਕੇ ਲਉ ਮੁਜਰਾ ਕਰੇ ਦੀਦਨਾ ਜੱਗ ਦੇ ਪੇਖਣੇ ਨੂੰ
ਸਭਾ ਦੀਦ ਮੁਆਫ਼ ਹੈ ਆਸ਼ਕਾਂ ਨੂੰ ਰੱਬ ਨੈਣ ਦਿੱਤੇ ਜੱਗ ਵੇਖਣੇ ਨੂੰ

ਵਾਰਿਸ ਦੇ ਕਿੱਸੇ ਦੀ ਇਹ ਖ਼ਾਸੀਅਤ ਹੀ ਕਹੀ ਜਾ ਸਕਦੀ ਹੈ ਕਿ ਉਸਨੇ ਜਿਆਦਾ ਜ਼ੋਰ ਹੀਰ ਦੀ ਸੁੰਦਰਤਾ ਨੂੰ ਚਿਤਰਨ ਉੱਤੇ ਹੀ ਲਗਾਇਆ ਹੈ ਜਦੋਂ ਕਿ ਰਾਂਝੇ ਦੇ ਰੂਪ ਦੇ ਵਰਣਨ ਵਿਚ ਉਸਨੇ ਕੋਈ ਖਾਸ ਦਿਲਚਸਪੀ ਨਹੀਂ ਵਿਖਾਈ ਹੈ। ਦਮੋਦਰ ਜੇ ਕਰ ਆਪਣਾ ਸਾਰਾ ਜ਼ੋਰ ਰਾਂਝੇ ਦੀ ਸੁੰਦਰਤਾ ਉਪਰ ਲਗਾਉਂਦਾ ਹੈ ਤਾਂ ਵਾਰਿਸ ਉਸਦੇ ਉਲਟ ਹੀਰ ਦੀ ਤਸਵੀਰ ਸ਼ਬਦਾਂ ਰਾਹੀਂ ਇਸ ਤਰ੍ਹਾਂ ਚਿਤਰਦਾ ਹੈ ਜਿਸਦਾ ਨਮੂਨਾ ਸਾਹਿਤ ਵਿਚੋਂ ਮਿਲਣਾ ਨਾਮੁਮਕਿਨ ਹੈ। ਵਾਰਿਸ ਦੀ ਹੀਰ ਲੱਖਾਂ ਵਿਚੋਂ ਪ੍ਰਤੱਖ ਹੈ ਜੋ ਲਕੋਇਆਂ ਨਹੀਂ ਲੁਕਦੀ। ਉਹ ਲਿਖਦਾ ਹੈ:-

ਹੋਂਠ ਸੁਰਖ ਯਾਕੂਤ ਜਿਉਂ ਲਾਲ ਚਮਕਣ, ਠੋਡੀ ਸਿਉ ਵਲਾਇਤੀਸਾਰ ਵਿਚੋਂ
ਨੱਕ ਅਲਫ ਹੁਸੈਨੀ ਦਾ ਪਿਪਲਾ ਸੀ, ਜ਼ੁਲਫ ਨਾਗ ਖਜ਼ਾਨੇ ਦੀ ਬਾਰ ਵਿਚੋਂ
ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ, ਦਾਣੇ ਨਿਕਲੇ ਹੁਸਨ ਅਨਾਰ ਵਿਚੋਂ
ਗਰਦਨ ਕੂੰਜ ਦੀ ਉਂਗਲੀਆਂ ਰਵਾਂ ਫ਼ਲੀਆਂ, ਹਥ ਕੂਲੜੇ ਬਰਗਚਨਾਰ ਵਿਚੋਂ।

ਵਾਰਿਸ ਦੀ ਹੀਰ ਪੰਜਾਬੀ ਸਾਹਿਤ ਨੂੰ ਮਾਣ ਦਿਵਾਉਣ ਵਾਲੀ ਰਚਨਾ ਹੈ ਜੋ ਹਰ ਪ੍ਰਕਾਰ ਦੇ ਗੁਣਾਂ ਨਾਲ ਭੁਰਪੂਰ ਹੈ। ਜੇ ਕਿੱਸੇ ਵਿਚ ਵਿਸਥਾਰ ਹੈ, ਹੀਰ ਦੀ ਸੁੰਦਰਤਾ ਝਲਕਾਂ ਮਾਰਦੀ ਹੈ ਤਾਂ ਇਸ ਕਿੱਸੇ ਵਿੱਚੋਂ ਪ੍ਰਕਿਰਤੀ ਦੇ ਝਿਲਕਾਰੇ ਵੀ ਰੋਕਿਆਂ ਨਹੀਂ ਰੁਕਦੇ ਜੋ ਵਾਰਿਸ ਦੀ ਸਫ਼ਲਤਾ ਦੀ ਖਾਸ ਨਿਸ਼ਾਨੀ ਹੈ। ਸੋ ਵਾਰਿਸ ਵਰਗੇ ਕਵੀ ਦਾ ਕੋਮਲ ਹਿਰਦਾ ਇਸਨੂੰ ਬਿਆਨ ਕੀਤੇ ਬਿਨਾਂ ਕਿਵੇਂ ਰਹਿ ਸਕਦਾ ਸੀ, ਉਹ ਸਵੇਰ ਦੇ ਦ੍ਰਿਸ਼ ਨੂੰ ਅੱਖਾਂ ਮੂਹਰੇ ਸ਼ਬਦਾਂ ਰਾਹੀਂ ਇਸ ਤਰ੍ਹਾਂ ਸਾਕਾਰ ਕਰਦਾ ਹੈ:-

ਚਿੜੀ ਚੂਕਦੀ ਨਾਲ ਜਾਂ ਤੁਰੇ ਪਾਂਧੀ, ਪਈਆਂ ਦੁੱਧ ਦੇ ਵਿਚ ਮਧਾਣੀਆਂ ਨੀ
ਸੁਬਾਹ ਸਾਦਕ ਹੋਈ ਜਦੋਂ ਆਣ ਰੋਸ਼ਨ,ਤਦੋਂ ਆਣ ਚਿੜੀਆਂ ਚਿਚਲਾਣੀਆਂ ਨੀ
ਪਾਣੀ ਲਾਣ ਨੂੰ ਕਾਮਿਆਂ ਖੂਹ ਜੁੱਤੇ, ਬੈਠੇ ਗਾਹਦੀ ਤੇ ਪਕੜ ਪਰਾਣੀਆਂ ਨੀ
ਰਾਂਝੇ ਕੂਚ ਕੀਤਾ ਆਇਆ ਨਦੀ ਉਤੇ, ਸਾਥ ਲਾਇਆ ਪਾਰ ਮੁਹਾਣੀਆਂ ਨੀ।

ਵਾਰਿਸ ਨੇ ਹੋਰਨਾਂ ਕਿੱਸਾ ਕਾਰਾਂ ਦੀ ਤਰ੍ਹਾਂ ਹੀਰ ਨੂੰ ਸੰਖੇਪਤਾ ਵਿਚ ਪੇਸ਼ ਨਾ ਕਰ ਕੇ ਵਿਸਥਾਰ ਮੁਖੀ ਰੂਪ ਵਿੱਚ ਪੇਸ਼ ਕੀਤਾ ਹੈ। ਵਾਰਿਸ ਨੇ ਹੀਰ ਦੇ ਕਿੱਸੇ ਵਿੱਚ ਸਮਾਜ ਸੱਭਿਆਚਾਰਕ ਚਿਤਰਣ ਵਿੱਚ ਆਪਣੇ ਸਮੇਂ ਦੇ ਪੰਜਾਬ ਦੀ ਰਾਜਨੀਤਿਕ ਅਵਸਥਾ, ਇਸਤਰੀ ਦੀ ਸਥਿਤੀ, ਧਾਰਮਿਕ ਸਥਿਤੀ, ਸਮਾਜਿਕ ਰਸਮੋ-ਰਿਵਾਜ, ਲੋਕ ਜੀਵਨ ਦੇ ਭਰਪੂਰ ਅੰਸ਼ ਪੇਸ਼ ਕੀਤੇ ਹਨ, ਜਿਵੇਂ ਖਾਣ-ਪੀਣ, ਪਹਿਰਾਵਾ, ਅੰਧ-ਵਿਸ਼ਵਾਸ, ਵਹਿਮ-ਭਰਮ, ਖੇਡਾਂ, ਮਨੋਰੰਜਨ, ਆਦਿ ਲੋਕ-ਜੀਵਨ ਦੇ ਵਿੰਭਿੰਨ ਪਹਿਲੂਆਂ ਬਾਰੇ ਬਾਖੂਬੀ ਚਰਚਾ ਕੀਤੀ ਹੈ।ਇਸ ਤਰ੍ਹਾਂ ਵਾਰਿਸ ਦੀ ਹੀਰ ਉਸ ਵੇਲੇ ਦੇ ਪੰਜਾਬ ਦਾ ਸੁੰਦਰ ਚਿੱਤਰ ਪੇਸ਼ ਕਰਦੀ ਹੈ।

ਵਾਰਿਸ ਸ਼ਾਹ ਦੀ ਕਿੱਸਾਕਾਰੀ ਦਾ ਹੋਰ ਉਘੜਵਾਂ ਪੱਖ ਹੀਰ ਦੇ ਕਿੱਸੇ ਵਿੱਚ ਲੋਕਧਾਰਾਈ ਸਮੱਗਰੀ ਦੀ ਪੇਸ਼ਕਾਰੀ ਹੈ। ਵਾਰਿਸ ਨੇ ਆਪਣੇ ਕਿੱਸੇ ਵਿਚ ਥਾਂ-ਥਾਂ ਕਥਾਨਕ ਰੂੜ੍ਹੀਆਂ ਦੀ ਵਰਤੋਂ ਕੀਤੀ ਹੈ। ਜਿਵੇਂ ਪੰਜ ਪੀਰਾਂ ਵੱਲੋਂ ਰਾਂਝੇ ਦੀ ਮਦਦ ਕਰਨਾ ਤੇ ਰਾਂਝੇ ਦੇ ਸਰਾਪ ਨਾਲ ਸ਼ਹਿਰ ਵਿੱਚ ਅੱਗ ਲੱਗ ਜਾਣਾ ਆਦਿ। ਹੀਰ ਦੀਆਂ 360 ਸਹੇਲੀਆਂ ਦਾ ਵਰਣਨ ਕੀਤਾ ਗਿਆ ਹੈ। ਵਾਰਿਸ ਸ਼ਾਹ ਨੇ ਕਰਾਮਾਤੀ ਸ਼ਕਤੀਆਂ ਦੀ ਵਰਤੋਂ ਕਰਕੇ ਕਿੱਸੇ ਵਿੱਚ ਰੋਚਿਕਤਾ ਦਾ ਅੰਸ਼ ਪੈਦਾ ਕੀਤਾ ਹੈ। ਹੀਰ-ਰਾਂਝੇ ਦੇ ਕਿੱਸੇ ਵਿੱਚ ਮੱਧਕਾਲੀ ਪੰਜਾਬੀ ਸਮਾਜਿਕ ਤੇ ਸੱਭਿਆਚਾਰਕ ਚੇਤਨਾ ਦੀ ਵੱਡੇ ਪੱਧਰ ਤੇ ਪ੍ਰਤੀਨਿਧਤਾ ਹੈ। ਹੀਰ ਦੇ ਕਿੱਸੇ ਵਿਚ ਪੰਜ-ਪੀਰ ਤੇ ਕਰਾਮਾਤੀ ਅੰਸ਼ਾ ਦੀ ਥਾਂ-ਥਾਂ ਭਰਮਾਰ ਹੈ ਦੇਖੋ ਨਮੂਨਾ:-

ਕਾਈ ਨੈਢੜੀ ਸੋਹਣੀ ਕਰੋ ਬਖਸ਼ਿਸ਼, ਪੂਰੇ ਰੱਬ ਦੇ ਹੋ ਤੁਸੀਂ ਪੀਰ ਮੀਆਂ
ਵਾਰਿਸ ਸ਼ਾਹ ਰੰਝੇਟੇ ਨੂੰ ਹੀਰ ਬਖਸ਼ੀ, ਸਾਨੂੰ ਯਾਦ ਕਰੀਂ ਪਈ ਭੀੜ ਮੀਆਂ

ਵਾਰਿਸ ਦੇ ਕਿੱਸੇ ਵਿੱਚ ਸ਼ੈਲੀ ਦੇ ਪੱਖ ਤੋਂ ਹੀਰ ਕਲਾਤਮਕ ਉਚੱਤਾ ਦੀਆਂ ਸਿਖਰਾਂ ਨੂੰ ਛੂਹਦੀਂ ਹੈ। ਹੀਰ ਵਾਰਿਸ ਦੇ ਕਿੱਸੇ ਦਾ ਐਨਾ ਹਰਮਨ ਪਿਆਰਾ ਹੋਣ ਦਾ ਕਾਰਨ ਵਾਰਿਸ ਵਲੋਂ ਵਰਤੀ ਗਈ ਠੇਠ ਤੇ ਲੋਕਾਂ ਦੀ ਸਮਝ ਵਿੱਚ ਆਉਣ ਵਾਲੀ ਬੋਲੀ ਵੀ ਹੈ, ਉਸਦੀ ਭਾਸ਼ਾ ਦੀ ਸ਼ਕਤੀ ਉਸਦੇ ਅਨੁਭਵ ਦੀ ਵਿਸ਼ਾਲਤਾ ਅਤੇ ਬਿਆਨ ਦੇ ਵਿਸਤਾਰ ਵਿਚ ਲੁਕੀ ਹੋਈ ਹੈ। ਉਸਦੀ ਭਾਸ਼ਾ ਗੰਭੀਰ ਨਹੀਂ ਢੁਕਵੀਂ ਹੈ ਜੋ ਪੱਛਮੀ ਅਤੇ ਕੇਂਦਰੀ ਪੰਜਾਬੀ ਦਾ ਸੁੰਦਰ ਸਮੇਲ ਹੈ ਪਰ ਕੇਂਦਰੀ ਪੰਜਾਬੀ ਦਾ ਅੰਸ਼ ਅਧਿਕ ਹੈ। ਭਾਵੇਂ ਉਹ ਫ਼ਾਰਸੀ ਸ਼ਬਦਾਵਾਲੀ ਦੀ ਵੀ ਵਰਤੋਂ ਕਰਦਾ ਹੈ ਪਰ ਇਹ ਸ਼ਬਦ ਖਟਕਦੇ ਜਾਂ ਰੜਕਦੇ ਨਹੀਂ। ਉਸਦੇ ਸ਼ਬਦਾਂ ਵਿਚ ਸੰਗੀਤਕ ਅੰਸ਼ ਹੈ ਜੋ ਉਸ ਦੁਆਰਾ ਵਰਤੇ ਗਏ ਸ਼ਬਦਾਂ ਨੂੰ ਅਖੋਤਾਂ ਜਾਂ ਮੁਹਾਵਰਿਆਂ ਦਾ ਸਥਾਨ ਬਖਸ਼ਦੇ ਹਨ। ਏਸੇ ਲਈ ਵਾਰਿਸ ਦੀਆਂ ਕਾਵਿ-ਤੁਕਾਂ ਆਮ ਲੋਕਾਈ ਦੇ ਮੂੰਹ ਤੇ ਚੜ੍ਹ ਗਈਆਂ ਤੇ ਅਟੱਲ-ਸੱਚਾਈਆਂ ਦਾ ਦਰਜਾ ਹਾਸਲ ਕਰ ਗਈਆਂ :-

1. ਵਾਰਿਸ ਸ਼ਾਹ ਨਾਂ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ-ਪੋਰੀਆਂ ਜੀ
2. ਵਾਰਿਸ ਸ਼ਾਹ ਛੁਪਾਈਏ ਜੱਗ ਕੋਲੋਂ, ਭਾਵੇਂ ਆਪਣਾਹੀ ਗੁੜ ਖਾਈਏ ਜੀ
3. ਜਿਹੜੀਆਂ ਲੈਣ ਉਡਾਰੀਆਂ ਨਾਲ ਬਾਜ਼ਾਂ, ਉਹੋ ਬੁਲਬੁਲਾਂ ਥਕ ਮਰੀਂਦੀਆਂ ਨੀ
4. ਵਾਰਿਸ ਸ਼ਾਹ ਨਾ ਭੇਤ ਸੰਦੂਕ ਖੁੱਲੇ ਭਾਵੇਂ ਜਾਨ ਦਾ ਜਿੰਦਰਾ ਟੁੱਟ ਜਾਵੇ
5. ਵਾਰਿਸ ਸ਼ਾਹ ਇਸ਼ਕ ਦੇ ਵਣਜ ਵਿਚੋ ਕਿਸੇ ਪੱਲੇ ਨਾ ਬੱਧੀ ਦਮੜੀ ਏ

ਜੇ ਅਸੀਂ ਪੰਜਾਬੀ ਕਿੱਸਾ ਕਾਵਿ ਵਿਚ ਛੰਦ ਪ੍ਰਬੰਧ ਦੀ ਗੱਲ ਕਰੀਏ ਤਾਂ ਦਵੱਈਆ, ਬੈਂਤ, ਕਬਿਤ, ਦੋਹਰਾ, ਕੋਰੜਾ, ਚੌਪਈ ਵਧੇਰੇ ਵਰਤੇ ਗਏ ਹਨ। ਕਿੱਸਾ ਕਾਵਿ ਵਿਚ ਜਿਆਦਾ ਵਰਤੇ ਗਏ ਛੰਦ ਬੈਂਤ ਤੇ ਦਵੱਈਆ ਹਨ। ਜੇਕਰ ਦਮੋਦਰ ਆਪਣੀ ਰਚਨਾ ਹੀਰ-ਰਾਂਝਾ ਵਿਚ ਦਵੱਈਆ ਛੰਦ ਦੀ ਸਫ਼ਲ ਵਰਤੋਂ ਕਰਦਾ ਹੈ ਤਾਂ ਵਾਰਿਸ ਬੈਂਤ ਛੰਦ ਦੀ ਕੇਵਲ ਵਰਤੋਂ ਹੀ ਨਹੀਂ ਕਰਦਾ ਸਗੋਂ ਕਿੱਸੇ ਵਿਚ ਉਸ ਨੇ ਰਾਗ ਅਤੇ ਲੰਮੀ ਹੇਕ ਵਾਲੀ ਸੁਰ ਵੀ ਭਰੀ ਹੈ। ਵਾਰਿਸ ਆਪ ਇਕ ਚੰਗਾ ਗਵੱਈਆ ਵੀ ਸੀ, ਪਹਿਲੀ ਵਾਰ ਉਸਨੇ ਆਪ ਹੀਰ ਦੀ ਤਰਜ਼ ਕੱਢੀ ਅਤੇ ਲੋਕਾਂ ਦੇ ਦਿਲਾਂ ਨੂੰ ਕੀਲ ਲਿਆ। ਇਸ ਤਰ੍ਹਾਂ ਬੈਂਤ ਛੰਦ ਨੂੰ ਇਸ ਰਚਨਾ ਦੁਆਰਾ ਪਹਿਲੀ ਵਾਰ ਸ਼੍ਰੇਸ਼ਠਤਾ ਮਿਲੀ। ਕਵੀ ਅਲੰਕਾਰਾਂ ਦੀ ਵਰਤੋਂ ਵੇਲੇ ਸਧਾਰਨ ਜੀਵਨ ਅਤੇ ਪ੍ਰਕਿਰਤੀ ਤੋਂ ਉਪਮਾਨ ਲੈਂਦਾ ਨਹੀਂ ਥੱਕਦਾ।

ਭਾਵੇਂ ਵਾਰਿਸ ਨੇ ਕਿੱਸੇ ਦਾ ਅੰਤ ਦੁਖਾਂਤਕ ਲਹਿਜੇ ਵਿਚ ਕੀਤਾ ਹੈ ਪਰ ਫਿਰ ਵੀ 'ਹੀਰ-ਰਾਂਝੇ' ਦੀ ਪ੍ਰੇਮ ਕਥਾ ਪੰਜਾਬ ਦੀਆਂ ਪ੍ਰੇਮ ਕਹਾਣੀਆਂ ਵਿਚੋਂ ਸਭ ਤੋਂ ਹਰਮਨ ਪਿਆਰੀ ਪ੍ਰੇਮ ਕਥਾ ਹੈ, ਸਾਰੇ ਕਿੱਸਿਆਂ ਵਿਚੋਂ ਹੀਰ-ਰਾਝੇਂ ਦੇ ਕਿੱਸੇ ਦੀ ਸਭ ਤੋਂ ਜਿਆਦਾ ਸਰਦਾਰੀ ਹੈ। ਵਾਰਿਸ ਦੀ ਹੀਰ ਜੋ 'ਹੀਰ ਸਾਹਿਤ' ਵਿੱਚ ਸਥਾਨ ਰੱਖਦੀ ਹੈ ਉਹ ਸਰਵੋਤਮ ਹੈ। ਹੀਰ ਦਾ ਕਿੱਸਾ ਸਾਰੇ

ਕਿੱਸਿਆਂ ਨਾਲੋਂ ਸਭ ਤੋਂ ਵੱਧ ਲਿਖਿਆ ਗਿਆ ਹੈ। ਲਗਭਗ ਹਰ ਕਿੱਸਾਕਾਰ ਨੇ ਹੀਰ ਦੇ ਕਿੱਸੇ ਤੇ ਹੱਥ ਅਜ਼ਮਾਇਆ ਪਰ ਸਭ ਨਾਲੋਂ ਜਿਆਦਾ ਮਕਬੂਲੀਅਤ 'ਹੀਰ' ਵਾਰਿਸ ਨੂੰ ਮਿਲੀ।

ਸਮੁੱਚੀ ਵਿਚਾਰ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਵਿੱਚ ਜਿੰਨੇ ਵੀ ਕਿੱਸੇ ਲਿਖੇ ਗਏ ਸਭ ਨਾਲੋਂ ਵਧੇਰੇ ਮਕਬੂਲੀਅਤ ਵਾਰਿਸ ਦੇ ਹਿੱਸੇ ਵਿੱਚ ਆਈ ਹੈ। ਵਾਰਿਸ ਸ਼ਾਹ ਆਪਣੇ ਇਕੋ ਕਿੱਸੇ ਨਾਲ ਪੰਜਾਬੀ ਕਿੱਸਾਕਾਰੀ ਵਿੱਚ ਉਹ ਮੁਕਾਮ ਹਾਸਿਲ ਕਰ ਜਾਂਦਾ ਹੈ, ਜਿਹੜਾ ਉਸਦਾ ਸਮਕਾਲੀ ਜਾਂ ਪਾਰਕਾਲੀ ਕੋਈ ਵੀ ਕਿੱਸਾਕਾਰ ਹਾਸਿਲ ਨਹੀਂ ਕਰ ਸਕਿਆ। ਵਿਸਥਾਰ ਹੀਰ ਵਾਰਿਸ ਦੀ ਖ਼ਾਸੀਅਤ ਹੈ, ਸ਼ਿੰਗਾਰ ਰਸ ਨਾਲ ਲਬਰੇਜ਼, ਬੈਂਤ ਛੰਦ ਵਿੱਚ ਮੜ੍ਹੀ ਹੋਈ ਹੀਰ ਤੋਂ ਪਤਾ ਲੱਗਦਾ ਹੈ ਕਿ ਵਾਰਿਸ ਇਕ ਪ੍ਰਤਿਭਾਸ਼ਾਲੀ ਕਲਾਕਾਰ ਹੈ, ਜਿਸ ਨੇ ਆਪਣੇ ਸਮੇਂ ਦੇ ਪੰਜਾਬ ਨੂੰ ਬਾਖੂਬੀ ਚਿਤਰਿਆ ਹੈ। ਇਸੇ ਕਰਕੇ ਪੰਜਾਬੀ ਕਿੱਸਾ ਕਾਵਿ ਵਿੱਚ 'ਹੀਰ' ਵਾਰਿਸ ਸ਼ਾਹ ਸ਼੍ਰੋਮਣੀ ਸਥਾਨ ਰੱਖਦੀ ਹੈ ਜਿਸ ਸਬੰਧੀ ਕਿੱਸਾਕਾਰ ਸੈਫਲ ਮਲੂਕ ਲਿਖਦਾ ਹੈ:-

ਵਾਰਿਸ ਸ਼ਾਹ ਸੁਖਨ ਦਾ ਵਾਰਿਸ ਨਿੰਦੇ ਕੌਣ ਉਹਨਾਂ ਨੂੰ
ਹਰਫ਼ ਉਹਦੇ ਤੇ ਉਂਗਲ ਧਰਨੀ ਨਾਹੀਂ ਕਦਰ ਅਸਾਂ ਨੂੰ [11]

ਸਹਾਇਕ ਪੁਸਤਕਾਂ

**ਲੇਖਕ**


1. ਬਿਕਰਮ ਸਿੰਘ ਘੁੰਮਣ, ਵਾਰਿਸ ਸ਼ਾਹ ਦੀ ਕਿੱਸਾਕਾਰੀ
2. ਬਿਕਰਮ ਸਿੰਘ ਘੁੰਮਣ, ਹੀਰ ਵਾਰਿਸ ਸ਼ਾਹ
3. ਕੁਲਬੀਰ ਸਿੰਘ ਕਾਂਗ, ਕਿੱਸਾ ਹੀਰ ਵਾਰਿਸ ਸ਼ਾਹ ਪਾਠ ਤੇ ਸਮੀਖਿਆ
4. ਕੁਲਬੀਰ ਸਿੰਘ ਕਾਂਗ, ਸੁਖਨ ਦਾ ਵਾਰਿਸ : ਵਾਰਿਸ ਸ਼ਾਹ
5. ਕੁਲਬੀਰ ਸਿੰਘ ਕਾਂਗ, ਹੀਰ ਰਾਂਝੇ ਦਾ ਕਿੱਸਾ (ਆਲੋਚਨਾ)
6. ਡਾ. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ